(ਕ) ਰੋਸਟਰ ਅਨੁਸਾਰ ਅਪ-ਟੂ ਡੇਟ ਭਰੇ ਗਏ ਨੁਕਤਿਆਂ ਦੀ ਗਿਣਤੀ ਅਤੇ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਦੀ ਘਾਟ (ਰੋਸਟਰ ਦੀ ਫੋਟੋਸਟੇਟ ਕਾਪੀ/ਬੁੱਕ) ਭੇਜੀ ਜਾਵੇ ।

ਇਸ ਦੀ ਪਹੁੰਚ-ਰਸੀਦ ਭੇਜੀ ਜਾਵੇ ।

**ਗਸ਼ਤੀ ਪੱਤਰ ਨੰ: 7/89/91-5ਪੀਪੀI/18626, ਮਿਤੀ 28 ਅਕਤੂਬਰ, 1992, ਸੁਧਾਰ ਵਿਭਾਗ ਵੱਲ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖੀ ਆਦਿ ।**

**ਵਿਸ਼ਾ** :--ਪ੍ਰਵੀਨਤਾ ਤਰੱਕੀ ਦੇਣ ਸਬੰਧੀ ਸਪੱਸ਼ਟੀਕਰਨ ।

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 7/14/88-5-ਪੀਪੀI/16200, ਮਿਤੀ 1 ਸਤਬੰਰ, 1989 ਦੀ ਲਗਾਤਾਰਤਾ ਵਿਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਹ ਸਪੱਸ਼ਟੀਕਰਨ ਮੰਗਿਆ ਗਿਆ ਹੈ ਕਿ ਜੇਕਰ ਕਿਸੇ ਕਰਮਚਾਰੀ ਨੂੰ ਪਿਛਲੀ ਮਿਤੀ ਤੋਂ ਨੋਸ਼ਨਲ ਤਰੱਕੀ ਦਿੱਤੀ ਜਾਂਦੀ ਹੈ, ਅਰਥਾਤ ਸਿਵਾਏ ਬਕਾਇਆ ਦੇਣ ਦੇ, ਬਾਕੀ ਸਾਰੇ ਪੱਖਾਂ ਜਿਵੇਂ ਸੀਨੀਆਰਤਾ ਅਤੇ ਤਨਖਾਹ ਫਿਕਸੇਸ਼ਨ ਦਾ ਲਾਭ ਦਿੱਤਾ ਜਾਂਦਾ ਹੈ ਤਾਂ ਕੀ ਨੋਸ਼ਨਲ ਤਰੱਕੀ ਦਾ ਸਮਾਂ ਪ੍ਰਵੀਨਤਾ ਤਰੱਕੀ ਦੇਣ ਲਈ ਗਿਣਿਆ ਜਾਣਾ ਹੈ ਜਾਂ ਨਹੀਂ ।

2. ਇਸ ਸਬੰਧ ਵਿਚ ਸਾਰੇ ਮਾਮਲੇ ਤੇ ਵਿੱਤ ਵਿਭਾਗ ਦੀ ਸਲਾਹ ਨਾਲ ਵਿਚਾਰ ਕੀਤਾ ਗਿਆ ਹੈ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਨੋਸ਼ਨਲ ਤਰੱਕੀ ਦਾ ਸਮਾਂ, ਜੋ ਸਿਵਾਏ ਬਕਾਇਆ ਦੇਣ ਦੇ, ਬਾਕੀ ਸਾਰੇ ਪੱਖਾਂ ਅਰਥਾਤ ਸੀਨੀਆਰਤਾ, ਤਨਖਾਹ ਫਿਕਸੇਸ਼ਨ ਦੇਣ ਲਈ ਗਿਣਿਆ ਜਾਂਦਾ ਹੈ, ਨੂੰ ਪ੍ਰਵੀਨਤਾ ਦੀ ਤਰੱਕੀ ਦੇਣ ਲਈ ਗਿਣਿਆ ਜਾਵੇ, ਕਿਉਂਕਿ ਇਸ ਪ੍ਰਕਾਰ ਦੇ ਲਾਭ ਵਾਸਤੇ ਕਾਡਰ ਵਿਚ ਸੇਵਾ ਉਸ ਕਾਡਰ ਵਿਚ ਸੀਨੀਆਰਤਾ ਦੀ ਮਿਤੀ ਤੋਂ ਹੀ ਗਿਣੀ ਜਾਣੀ ਚਾਹੀਦੀ ਹੈ ।

3. ਇਸ ਪੱਤਰ ਦੀ ਪਹੁੰਚ-ਰਸੀਦ ਭੇਜੀ ਜਾਵੇ ।

**ਅੰ. ਵਿ. ਪੱਤਰ ਨੰ: 10/42/88-2ਪੀਪੀ3 ਮਿਤੀ 19 ਨਵੰਬਰ, 1992 ਵੱਲੋਂ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਵੱਲ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖੀ ਆਦਿ ।**

**ਵਿਸ਼ਾ** :--ਇਕ ਸੇਵਾ ਤੋਂ ਦੂਜੀ ਸੇਵਾ ਵਿੱਚ ਬਦਲੀ ਰਾਹੀਂ ਨਿਯੁਕਤੀ ਕਰਨ ਬਾਰੇ ।

(1) ਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ (ਪੀ.ਸੀ.ਐਸ.-I/ਸ਼ਾਖਾ);

(2) ਵਿੱਤੀ ਕਮਿਸ਼ਨਰ ਕਰ ਅਤੇ ਸਕੱਤਰ, ਪੰਜਾਬ ਸਰਕਾਰ, ਅਬਕਾਰੀ ਤੇ ਕਰ ਵਿਭਾਗ,

(3) ਵਿੱਤੀ ਕਮਿਸ਼ਨਰ ਮਾਲ ਅਤੇ ਸਕੱਤਰ, ਪੰਜਾਬ ਸਰਕਾਰ, ਮਾਲ ਵਿਭਾਗ;

(4) ਸਕੱਤਰ, ਪੰਜਾਬ ਸਰਕਾਰ, ਖੁਰਾਕ ਤੇ ਸਪਲਾਈ ਵਿਭਾਗ;

(5) ਸਕੱਤਰ, ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ; ਅਤੇ